ਡਿਜ਼ੀਟਲ ਦੋਮਾਹੀ ਪੱਤਰ ਅੰਕ : 1 ਨੰ:8 ( ਸਤੰਬਰ-ਅਕਤੂਬਰ 2021)

www.gadvasu.in



# ਪਸ਼ੂ ਪਾਲਣ ਸੁਨੇਹੇ

## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

**Vol. 1 No. 8 ( September-October 2021)** **' PASHU PALAN SUNEHE'**

**ਸੰਪਾਦਕੀ ਬੋਰਡ**

**ਚੇਅਰਮੈਨ :**
ਡਾ. ਪ੍ਰਕਾਸ਼ ਸਿੰਘ ਬਰਾੜ
ਨਿਰਦੇਸ਼ਕ ਪਸਾਰ ਸਿੱਖਿਆ

**ਮੈਂਬਰ :**
ਡਾ. ਸੁਰੇਸ਼ ਕੁਮਾਰ ਕਾਂਸਲ
ਡਾ. ਮੀਰਾ ਡੀ ਆਂਸਲ
ਡਾ. ਪ੍ਰਲਾਦ ਸਿੰਘ ਤੰਵਰ
ਡਾ. ਐੱਸ ਸਿਵਾ ਕੁਮਾਰ

**ਸੰਪਾਦਕ :**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ
ਡਾ. ਹਰਪ੍ਰੀਤ ਸਿੰਘ


**ਸੰਪਰਕ :**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਅਤੇ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ

0161-2553364
deegadvasuldh@gmail.com

Visit & Subscribe – YouTube channel

**Gadvasu farmer friendly e-extension**

## ਕਟੜੂਆਂ/ ਵਛੜੂਆਂ ਦਾ ਮਿਹਦਾ




### ਕੀ ਵੱਡੇ ਪਸ਼ੂਆਂ ਦਾ ਰਾਸ਼ਨ ਕੱਟੜੂਆ ਨੂੰ ਦਿੱਤਾ ਜਾ ਸਕਦਾ ਹੈ ?- ਨਹੀ

ਕਿਉਕਿ ਇਸ ਵਿੱਚ ਪ੍ਰੋਟੀਨ ਘੱਟ ਹੁੰਦਾ ਹੈ ਤੇ ਰੇਸ਼ਾ ਜਿਆਦਾ ਹੁੰਦਾ ਹੈ। ਕਟੜੂ-ਵੱਛੜੂ ਦਾ ਪਹਿਲਾ ਮਿਹਦਾ ( ਰੂਮਨ) ਵਿਕਿਸਤ ਨਹੀ ਹੋਇਆ ਹੁੰਦਾ ਸੋ ਇਹ ਰੇਸ਼ੇ ਨੂੰ ਹਜ਼ਮ ਨਹੀ ਕਰ ਸਕਦੇ। ਘੱਟ ਪ੍ਰੋਟੀਨ ਵਾਧੇ ਨੂੰ ਪ੍ਰਭਾਵਿਤ ਕਰਦਾ ਹੈ।

- ਵੱਡੇ ਪਸ਼ੂਆ ਦੇ ਰਾਸ਼ਨ ਵਿੱਚ ਵਿਟਾਮਿਨ ਬੀ ਕੰਮਪਲੈਕਸ ਨਹੀ ਹੁੰਦਾ
- ਕਾਕਸੀਡੀਓਸਟੇਟ ਅਤੇ ਐਂਟੀਬਾਇਓਟਿਕ ਨਹੀ ਹੁੰਦਾ
- ਵਿਟਾਮਿਨ ਏ, ਡੀ, ਈ ਅਤੇ ਲਘੂ ਧਾਤਾਂ ਨਹੀ ਹੁੰਦੀਆਂ
- ਕਈ ਵਾਰ ਸ਼ੀਰਾ ਨਾ ਹੋਣ ਕਰਕੇ ਸੁਆਦ ਵੀ ਨਹੀ ਹੁੰਦਾ

# ਲਵੇਰੀਆਂ ਲਈ ਸ਼ੈੱਡ ਬਨਾਉਣ ਸਬੰਧੀ ਕੁਝ ਜ਼ਰੂਰੀ ਨੁਕਤੇ

ਰਾਕੇਸ਼ ਕੁਮਾਰ ਸ਼ਰਮਾਂ

## ਸ਼ੈੱਡ ਬਨਾਉਣ ਲਈ ਢੁਕਵੀਂ ਜਗ੍ਹਾ

- ਆਲੇ-ਦੁਆਲੇ ਤੋਂ ਉੱਚੀ (ਪਾਣੀ ਦੀ ਨਿਕਾਸੀ-ਆਸਾਨ)
- ਮਨੁੱਖੀ ਵਸੋਂ ਤੋਂ ਦੂਰ (ਸਮਾਜਿਕ ਮੁਸ਼ਕਲਾਂ ਤੋਂ ਛੁਟਕਾਰਾ))
- ਹੱਡਾਰੋੜੀ ਤੋਂ ਦੂਰ (ਛੂਤੀ ਬਿਮਾਰੀਆਂ ਤੇ ਕੁੱਤਿਆਂ ਤੋਂ ਛੁਟਕਾਰਾ)
- ਨਿਵਾਣ 'ਚ ਨਾ ਹੋਵੇ (ਮੀਂਹ ਅਤੇ ਨਾਲੀਆਂ ਦੇ ਪਾਣੀ ਤੋਂ ਰਾਹਤ)
- ਪਾਣੀ ਅਤੇ ਬਿਜਲੀ ਦਾ ਪ੍ਰਬੰਧ ਹੋਵੇ
- ਆਣਾ-ਜਾਣਾ ਆਸਾਨ ਹੋਵੇ, ਬਾਜ਼ਾਰ ਨੇੜੇ ਹੋਵੇ
- ਕਾਮਿਆਂ ਲਈ ਸਾਰੀਆਂ ਸਹੂਲਤਾਂ ਮੁਹੱਈਆ ਹੋਣ

## ਸ਼ੈੱਡ ਅੰਦਰ ਇੱਕ ਲਵੇਰੀ ਲਈ ਲੋੜੀਂਦੀ ਜਗ੍ਹਾ

- ਛੱਤੀ ਹੋਈ ਜਗ੍ਹਾ = 4.0 ਮੀ$^2$
- ਖੁੱਲੀ ਜਗ੍ਹਾ = 8.0 ਮੀ$^2$
- ਇੱਕ ਖਾਨੇ ਵਿਚ ਲਵੇਰੀਆਂ ਦੀ ਵੱਧ ਤੋਂ ਵੱਧ ਗਿਣਤੀ = 50

## ਸ਼ੈੱਡ ਅੰਦਰ ਇੱਕ ਕਟੜੂ ਲਈ ਲੋੜੀਂਦੀ ਜਗ੍ਹਾ

- ਛੱਤੀ ਹੋਈ ਜਗ੍ਹਾ = 1.20 ਮੀ$^2$
- ਖੁੱਲੀ ਜਗ੍ਹਾ = 1.20 ਮੀ$^2$
- ਇੱਕ ਖਾਨੇ ਵਿਚ ਕੱਟੜੂਆਂ ਦੀ ਵੱਧ ਤੋਂ ਵੱਧ ਗਿਣਤੀ = 1

## ਪਾਣੀ ਵਾਲੀ ਕੁੰਡ ਅਤੇ ਖੁਰਲੀ ਉੱਪਰ ਲੋੜੀਂਦੀ ਜਗ੍ਹਾ

- ਖੁਰਲੀ ਉੱਪਰ $\geq$ 75 ਸੈ.ਮੀ.
- ਪਾਣੀ ਵਾਲੀ ਕੁੰਡ ਉੱਪਰ $\geq$ 75 ਸੈ.ਮੀ

## ਸ਼ੈੱਡ ਅੰਦਰ ਮੁੱਖ ਬਿਲਡਿੰਗਾਂ

- ਦੁੱਧ ਦੇਣ ਵਾਲੀਆਂ ਲਵੇਰੀਆਂ ਦਾ ਸ਼ੈੱਡ
- ਦੁੱਧੋਂ ਭੱਜੀਆਂ ਲਵੇਰੀਆਂ ਦਾ ਸ਼ੈੱਡ
- ਦੁੱਧ ਚੋਣ ਲਈ ਸ਼ੈੱਡ (ਪਾਰਲਰ)
- ਕਟੜੂਆਂ ਲਈ ਸ਼ੈੱਡ
- ਝੋਟੀਆਂ ਲਈ ਸ਼ੈੱਡ
- ਫੀਡ ਸਟੋਰ, ਤੂੜੀ ਲਈ ਸ਼ੈੱਡ
- ਇਲਾਜ ਕਰਨ ਲਈ ਜਗ੍ਹਾ
- ਖਾਦਾਂ, ਰਸਾਇਣ,ਦਵਾਈਆਂ ਆਦਿ ਲਈ ਕਮਰਾ

# ਘੋੜੇ ਵਿੱਚ ਸੂਲ (ਕੋਲਿਕ)

ਨਿਤਿਨ ਦੇਵ ਸਿੰਘ ਅਤੇ ਐਲ. ਗੀਤਾ ਦੇਵੀ
ਪੈਥੌਲੋਜੀ ਵਿਭਾਗ

ਸੂਲ (ਕੋਲਿਕ) ਘੋੜੇ ਦੇ ਵਿੱਚ ਪੇਟ ਦਰਦ ਨੂੰ ਕਿਹਾ ਜਾਂਦਾ ਹੈ। ਘੋੜੇ ਵਿੱਚ ਅਣਗਿਣਤ ਕਾਰਨਾਂ ਕਰਕੇ ਕੋਲਿਕ ਹੋ ਸਕਦੀ ਹੈ।ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਕੋਲਿਕ ਇੱਕ ਲੱਛਣ ਹੈ,ਨਾ ਕਿ ਆਪਣੇ ਆਪ ਵਿੱਚ ਇੱਕ ਬਿਮਾਰੀ, ਇਸ ਲਈ ਇਹ ਇੱਕ ਸਮੱਸਿਆ ਦਾ ਲੱਛਣ ਹੈ, ਇਸ ਦਾ ਕੋਈ ਵੀ ਪੱਕਾ ਇਲਾਜ ਨਹੀ ਹੈ। ਕਈ ਵਾਰ ਮੌਸਮ ਅਤੇ ਮਾਨਸਿਕ ਪਰੇਸ਼ਾਨੀ ਹੋਣ ਕਰਕੇ ਵੀ ਕੋਲਿਕ ਹੋ ਸਕਦਾ ਹੈ।

## ਕੋਲਿਕ ਦੇ ਆਮ ਕਾਰਨ-

ਜਦੋ ਕੋਲਿਕ ਦੇ ਲੱਛਣ ਆਉਂਦੇ ਹਨ, ਇਸ ਦਾ ਮਤਲੱਬ ਘੋੜੇ ਦੀ ਪਾਚਕ ਪ੍ਰਣਾਲੀ ਵਿੱਚ ਕੁਝ ਗਲਤ ਹੋ ਰਿਹਾ ਹੈ । ਕੋਲਿਕ ਦੇ ਕੁਝ ਕਾਰਨ ਹਨ-

- ਫੀਡ ਵਿੱਚ ਬਦਲਾਵ
- ਅੰਤੜੀਆਂ ਵਿੱਚ ਰੇਤ ਦਾ ਇੱਕਠਾ ਹੋਣਾ ਅਤੇ ਉਸ ਕਾਰਨ ਬੰਨ ਪੈਣਾ
- ਘੋੜੇ ਦੀ ਫੀਡ ਵਿੱਚ ਉੱਲੀ ਜਾਂ ਉੱਲੀਮਾਰ ਵਿਸ਼ ਦਾ ਹੋਣਾ
- ਅਪਚਣਯੋਗ ਵਸਤੂਆਂ ਨੂੰ ਗ੍ਰਹਿਣ ਕਰਨਾ
- ਸਹੀ ਪ੍ਰਬੰਧਨ ਨਾ ਹੋਣਾ

•ਨੋਟ: ਪ੍ਰਬੰਧਨ ਵਿੱਚ ਘੋੜੇ ਨੂੰ ਹਮੇਸ਼ਾ ਫੀਡ ਪਾਉਣ ਤੋਂ ਪਹਿਲਾ ਪਾਣੀ ਪਿਲਾਉਣਾ ਚਾਹੀਦਾ ਹੈ ਅਤੇ ਘੋੜੇ ਨੂੰ ਸੰਤੁਲਿਤ ਫੀਡ ਪਾਉਣੀ ਚਾਹੀਦੀ ਹੈ।

## ਕੋਲਿਕ ਦੀਆਂ ਕਿਸਮਾਂ:

ਇਸਪੈਕਸ਼ਨ ਕੋਲਿਕ- ਸਰਦੀਆਂ ਦੇ ਮਹੀਨਿਆਂ ਦੌਰਾਨ ਜਦੋਂ ਘੋੜਾ ਪਾਣੀ ਘੱਟ ਪੀਵੇ ਜਾਂ ਮਾਲਿਕ ਘੋੜੇ ਨੂੰ ਪਾਣੀ ਘੱਟ ਪਿਲਾਵੇ ਤਾਂ ਇਸਪੈਕਸ਼ਨ ਕੋਲਿਕ ਜਿਆਦਾ ਆਮ ਹੋ ਸਕਦਾ ਹੈ, ਖੁਸ਼ਕ ਫੀਡ, ਡੀਹਾਈਡਰੇਸ਼ਨ ਪਰਮੁੱਖ ਕਾਰਨ ਹਨ।ਇਸ ਵਿੱਚ ਆਂਤੜਾਂ ਵਿੱਚ ਸੁੱਕੀ ਫੀਡ ਦੇ ਸੱਖਤ ਗੋਲੇ ਬੰਨ ਜਾਂਦੇ ਹਨ ਅਤੇ ਆਂਤੜਾਂ ਨੂੰ ਬਲਾਕ ਕਰ ਦਿੰਦੇ ਹਨ, ਜਿਸ ਕਰਕ ਘੋੜੇ ਨੂੰ ਪੇਟ ਵਿੱਚ ਦਰਦ ਹੁੰਦਾ ਹੈ।ਇਸ ਕਿਸਮ ਦਾ ਕੋਲਿਕ ਸਭ ਤੋਂ ਜਿਆਦਾ ਪਾਇਆ ਜਾਂਦਾ ਹੈ ।

ਪਰਜੀਵੀ ਕਾਰਨ- ਜੇਕਰ ਘੋੜੇ ਦੇ ਪੇਟ ਵਿੱਚ ਪਰਜੀਵੀ ਦੀ ਮਾਤਰਾ ਜਿਆਦਾ ਹੋ ਜਾਵੇ ਤਾਂ ਕੋਲਿਕ ਦੇ ਲੱਛਣ ਆ ਜਾਂਦੇ ਹਨ। ਪਰਜੀਵੀ ਆਂਤੜਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਜਿਸ ਕਰਕੇ ਘੋੜਾ ਕਮਜੋਰ ਹੋ ਜਾਂਦਾ ਹੈ ਅਤੇ ਪੇਟ ਦੀ ਸਮਸਿਆ ਆਉਂਦੀ ਹੈ।ਇਸ ਲਈ ਅੰਦਰੂਨੀ ਪਰਜੀਵੀਆਂ ਨੂੰ ਪ੍ਰਭਾਵਸ਼ਾਲੀ ਨਿਯਮਿਤ ਕੰਟਰੋਲ ਕਰਨਾ ਬਹੁਤ ਜਰੂਰੀ ਹੈ ।ਇਸ ਲਈ ਹਰ 6 ਮਹਿਨੇ ਬਾਅਦ ਡੀਵਰਮਿੰਗ ਕਰਨਾ ਬਹੁਤ ਜਰੂਰੀ ਹੈ।

ਆਂਤੜਾ ਦਾ ਉਲਝ ਜਾਣਾ -ਇਸ ਦਾ ਕਾਰਨ ਅਸਪਸ਼ਟ ਹੈ।ਇਹ ਕਿਹਾ ਜਾਂਦਾ ਹੈ ਕਿ ਕਈ ਵਾਰ ਘੋੜਾ ਰੋਲ ਹੁੰਦਾ ਹੈ ਤਾਂ ਇਹ ਵਾਪਰਦਾ ਹੈ, ਇਸ ਨਾਲ ਅੰਦਰੂਨੀ ਆਂਤੜਾਂ ਉਲਝ ਜਾਂਦੀਆਂ ਹਨ।ਇਹ ਜਿਆਦਾਤਰ ਬਹੁਤ ਕਮਜੋਰ ਤੇ ਵੱਡੇ ਘੋੜਿਆਂ ਵਿੱਚ ਹੁੰਦਾ ਹੈ।

ਅਣਜਾਣ ਕਾਰਨ- ਕਿਸੇ ਵੀ ਅਣਜਾਣ ਕਾਰਨ ਕਰਕੇ ਕੋਲਿਕ ਹੋ ਸਕਦਾ ਹੈ ।ਇਹ ਜਾਨਵਰ ਤੋਂ ਜਾਨਵਰ ਦੇ ਸੁਭਾਅ ਅਤੇ ਸਰੀਰ ਦੀ ਸਥਿਤੀ ਤੇ ਨਿਰਭਰ ਕਰਦਾ ਹੈ।

## ਬਚਾਅ ਦੇ ਤਰੀਕੇ -



ਘੋੜੇ ਦਾ ਚਾਰਾ ਕਦੇ ਵੀ ਇੱਕ ਦਮ ਨਾ ਬਦਲੋ ਬਲਕਿ ਇਸ ਨੂੰ 7-10 ਦਿਨਾਂ ਦੇ ਵਿੱਚ ਵੰਡੋ
ਇੱਕ ਵਾਰ ਵਿੱਚ ਘੋੜੇ ਨੂੰ ਜਿਆਦਾ ਨਾ ਖੁਆਉ ਬਲਕਿ ਸਾਰਾ ਦਿਨ ਥੌੜਾ ਥੌੜਾ ਚਾਰਾ ਦੇਵੋ।
ਘੋੜੇ ਨੂੰ ਵੱਧ ਤੋਂ ਵੱਧ ਕੋਸਾ ਪਾਣੀ ਪਿਲਾਉ।
ਘੋੜੇ ਨੂੰ ਰੋਜ ਕਸਰਤ ਕਰਵਾਉ।
4-6 ਹਫਤੇ ਬਾਅਦ ਪੇਟ ਦੇ ਕਿੜੀਆਂ ਦੀ ਦਵਾਈ ਦੇਵੋ।
ਘੋੜੇ ਨੂੰ ਮਿੱਟੀ ਖਾਣ ਤੋਂ ਰੋਕੋ।
ਘੋਹੇ ਦੇ ਸੈਪਲ ਜਰੂਰ ਲਵੋ ਅਤੇ ਅੰਦਰੂਨੀ ਪਰਜੀਵੀ ਦੇ ਲਈ ਟੈਸਟ ਕਰਵਾਉ।
ਗੈਸਟਰਿਕ ਅਲਸਰ ਤੋਂ ਬਚਾਅ ਕਰੋ।
ਕਿਸੇ ਵੀ ਮੁਸ਼ਕਲ ਹੋਣ ਤੇ ਵੈਟਨਰੀ ਡਾਕਟਰ ਨੂੰ ਬੁਲਾਉਣ ਤੋਂ ਨਾ ਕਤਰਾਉ।

# ਇਹ 20 ਇੰਚ ਲੰਬੀ ਗਾਂ ਧਰਤੀ ਦੀ ਸਭ ਤੋਂ ਛੋਟੀ ਹੋ ਸਕਦੀ ਹੈ

ਮਧੂ ਸ਼ੈਲੀ, ਪਸਾਰ ਵਿਗਿਆਨੀ, ਪੀ.ਏ.ਯੂ.,ਲੁਧਿਆਣਾ

ਬੰਗਲਾਦੇਸ਼ ਦੇ ਚਾਰਿਗਰਾਮ ਦੇ ਇਕ ਪਸ਼ੂ ਫਾਰਮ ਵਿੱਚ ਰਾਣੀ ਨਾਂ ਦੀ ਇਕ 23 ਮਹੀਨਿਆਂ ਦੀ ਬੌਣੀ ਗਾਂ, ਜਿਸ ਦੇ ਮਾਲਕ ਇਸ ਨੂੰ ਦੁਨਿਆ ਦੀ ਸਭ ਤੋਂ ਛੋਟੀ ਗਾਂ ਹੋਣ ਦਾ ਦਾਅਵਾ ਕਰਦੇ ਹਨ, ਨੇ ਗਿੰਨੀਜ਼ ਬੁੱਕ ਆਫ ਰਿਕਾਰਡ ਵਿਚ ਅਰਜੀ ਦਿੱਤੀ ਹੈ।ਰਾਣੀ ਸਿਰਫ 20 ਇੰਚ (51 ਸੈਂਟੀਮੀਟਰ) ਲੰਬੀ ਹੈ, ਇਕ ਵਾਰ ਉਸ ਦੇ ਮਾਪ ਦੀ ਪੁਸ਼ਟੀ ਹੋ ਜਾਵੇਗੀ ਤਾਂ ਉਹ ਆਸਾਨੀ ਨਾਲ ਮਨਿਕਾਇਮ ਨਾਂ ਦੀ ਇੱਕ ਗਾਂ , (ਇਕ 24- ਇੰਚ ਲੰਬੀ (61 ਸੈਂਟੀਮੀਟਰ) ਭਾਰਤ ਦੀ ਵੈਚੂਰ ਗਊ) ਦੇ ਮੌਜੂਦਾ ਕਾਇਮ ਗਿੰਨੀਜ਼ ਵਿਸ਼ਵ ਰਿਕਾਰਡ ਨੂੰ ਤੋੜ ਦੇਵੇਗੀ। ਰਾਣੀ ਸਿਰਫ 57 ਪੌਂਡ (26ਕਿਲੋਗ੍ਰਾਮ) ਤੇ ਬਹੁਤ ਹਲਕੀ ਹੈ ।



ਰਾਣੀ ਦੇ ਕੱਦ ਦਾ ਇਕ ਕਾਰਨ ਉਸਦੀ ਨਸਲ ਹੈ।ਭੂਚਾਨੀ ਗਾਵਾਂ, ਜਿਵੇਂ ਵੀਚੂਰ ਗਾਵਾਂ ਹਨ, ਨੂੰ ਆਮ ਤੌਰ ਤੇ ਬੌਣੀਆਂ ਗਾਵਾਂ ਕਿਹਾ ਜਾਂਦਾ ਹੈ ਕਿਉਂਕਿ ਇਸ ਨਸਲ ਦੇ ਪਸ਼ੂ ਛੋਟੇ ਹੁੰਦੇ ਹਨ।ਬੌਣੀਆਂ ਗਾਵਾਂ ਦੀਆਂ ਨਸਲਾਂ ਅਕਸਰ ਜਿਆਦਾ ਭੋਜਨ ਦੀ ਲੋੜ ਤੋਂ ਬਿਨ੍ਹਾਂ ਵੱਡੀ ਮਾਤਰਾ ਵਿਚ ਦੁੱਧ ਪੈਦਾ ਕਰਨ ਦੀ ਉਨ੍ਹਾਂ ਦੀ ਯੋਗਤਾ ਲਈ ਪੈਦਾ ਕੀਤੀਆਂ ਜਾਂਦੀਆਂ ਹਨ।ਬੌਣੀ ਗਾਂ ਦੀਆਂ ਨਸਲਾਂ ਲਈ ਜਲਵਾਯੂ ਪਸ਼ੂਆਂ ਦੇ ਵਿਕਾਸ ਵਿਚ ਭੂਮਿਕਾ ਨਿਭਾ ਸਕਦਾ ਹੈ।ਕੇਰਲਾ ਵੈਟਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਦੁਆਰਾ ਕੀਤੀ ਗਈ ਖੋਜ ਅਤੇ 2016 ਵਿਚ ਸਥਾਈ ਪਸ਼ੂਧਨ ਅੰਤਰਰਾਸ਼ਟਰੀ ਕਾਨਫਰੰਸ ਵਿਚ ਪੇਸ਼ ਕੀਤੀ ਗਈ ਖੋਜ ਦੇ ਅਨੁਸਾਰ ਵੇਚੂਰ ਗਾਵਾਂ ਕੋਲ ਅਖੌਤੀ ਥਰਮਾਮੀਟਰ ਜੀਨ ਹੁੰਦੇ ਹਨ ਜੋ ਗਰਮ ਮੌਸਮ ਵਿਚ ਉਨ੍ਹਾਂ ਦੇ ਵਾਧੇ ਨੂੰ ਰੋਕਦੇ ਹਨ।ਇਹ ਜੀਨ ਗਰਮ ਮੌਸਮ ਵਿਚ ਰਹਿਣ ਵਾਲੀਆਂ ਨਸਲਾਂ ਦੇ ਅਨੁਕੂਲ ਹਨ, ਕਿਉਂਕਿ ਛੋਟੇ ਆਕਾਰ ਗਾਵਾਂ ਨੂੰ ਅਤਿ ਦੀ ਗਰਮੀ ਦਾ ਸਾਹਮਣਾ ਕਰਨ ਵਿਚ ਸਹਾਇਤਾ ਕਰਦੇ ਹਨ।

ਬੰਗਲਾਦੇਸ਼ ਦੀ ਸਰਕਾਰ ਦੇ ਮੁੱਖ ਪਸ਼ੂ ਚਿਕਿਤਸਕ ਨੇ ਦੱਸਿਆ ਕਿ ਰਾਣੀ "ਜੈਨੇਟਿਕ ਇਨਬ੍ਰਿਡਿੰਗ" ਦਾ ਉਤਪਾਦ ਹੈ ਅਤੇ ਇਸ ਦੇ ਵੱਡੇ ਬਨਣ ਦੀ ਸੰਭਾਵਨਾ ਨਹੀਂ ਹੈ।ਮਿਸੀਸਿਪੀ ਵਿਚ ਪਸ਼ੂ ਕਾਰੋਬਾਰ ਦੇ 2015 ਦੇ ਅੰਕ ਅਨੁਸਾਰ ਗਾਵਾਂ ਨੂੰ ਆਮ ਤੌਰ ਤੇ ਲਾਈਨ ਬਰੀਡਿੰਗ ਨਾਮਕ ਤਕਨੀਕ ਦੀ ਵਰਤੋਂ ਦੁਆਰਾ ਪਾਲਿਆ ਜਾਂਦਾ ਹੈ , ਜਿਸ ਵਿੱਚ ਇਕ ਬਲਦ ਗਾਵਾਂ ਦੀਆਂ ਕਈ ਪੀੜ੍ਹੀਆਂ ਲਈ ਵਰਤਿਆ ਜਾਂਦਾ ਹੈ।ਜਦੋਂ ਕਿ ਪ੍ਰਜਨਣ ਦਾ ਇਹ ਰੂਪ ਲੋੜੀਂਦੇ ਗੁਣਾਂ ਨੂੰ ਵਧਾਉਣ ਅਤੇ ਸੰਭਾਲਣ ਦਾ ਰੁਝਾਨ ਰੱਖਦਾ ਹੈ, ਇਹ ਕੁਝ ਅਣਚਾਹੇ ਗੁਣਾਂ ਨੂੰ ਵੀ ਪ੍ਰਗਟ ਕਰ ਸਕਦਾ ਹੈ, ਜਿਵੇਂ ਕਿ ਬੌਣਾਪਨ।

ਨਿਉਜੀਲੈਂਡ ਜਰਨਲ ਆਫ ਵੈਟਰਨਰੀ ਮੈਡੀਸਨ ਵਿਚ ਪ੍ਰਕਾਸ਼ਤ 1969 ਦੇ ਇਕ ਅਧਿਐਨ ਦੇ ਅਨੁਸਾਰ ਬੌਣਾਪਣ ਗਾਵਾਂ ਵਿਚ ਚੰਗੀ ਤਰ੍ਹਾਂ ਦਰਜ ਹੈ ਅਤੇ ਨਸਲ ਦੇ ਆਧਾਰ ਤੇ ਬੌਣਾਪਣ ਪਸ਼ੂ ਦੇ ਚਿਹਰੇ ਨੂੰ ਲੰਬਾ ਜਾਂ ਛੋਟਾ ਕਰਨ ਦੇ ਨਾਲ ਨਾਲ ਪ੍ਰਭਾਵਿਤ ਜਾਨਵਰਾਂ ਦੀ ਉਮਰ ਘਟਾ ਸਕਦਾ ਹੈ। 1940 ਅਤੇ 1950 ਦੇ ਦਹਾਕੇ ਵਿਚ , ਅਮਰੀਕਾ ਵਿਚ ਹੇਅਰਫੋਰਡ ਗਾਵਾਂ ਵਿਚ ਬੌਨੇਵਾਦ ਦਾ ਇਕ ਰੂਪ ਜਿਸਨੂੰ ਸਨੋਰਟ ਡਫਾਰਮਿਸਮ ਕਿਹਾ ਜਾਂਦਾ ਹੈ ਆਮ ਹੋ ਗਿਆ, ਇਹ ਇਕ ਆਟੋਸੋਮਲ ਰੀਸੇਸਿਵ ਗੁਣ ਬਣ ਗਿਆ।

## ਪੋਲਕਾ ਬਿੰਦੂਆ ਵਾਲਾ ਜੈਬਰਾ

ਜੈਬਰਾ ਆਪਣੀਆਂ ਕਾਲੀਆਂ-ਚਿੱਟੀਆਂ ਧਾਰੀਆ ਕਰਕੇ ਜਾਣਿਆ ਜਾਂਦਾ ਹੈ ਤੇ ਇਹ ਧਾਰੀਆਂ ਦਾ ਡਿਜ਼ਾਈਨ ਹਰ ਜੈਬਰੇ ਵਿੱਚ ਵੱਖ ਵੱਖ ਹੁੰਦਾ ਹੈ। ਕੀਨੀਆ ਦੀ ਮਸਾਈ ਮਾਰਾ ਨਾਂ ਦੀ ਰੱਖ ਵਿੱਚ ਇੱਕ ਵਿੱਲਖਣ ਜੈਬਰਾ ਦੇਖਿਆ ਗਿਆ ਹੈ ਜਿਸ ਤੇ ਧਾਰੀਆ ਦੀ ਥਾਂ ਤੇ ਪੋਲਕਾ ਬਿੰਦੂ ਹਨ। ਇੱਕ ਫੋਟੋਗਰਾਫਰ ਤੇ ਉਸਦੇ ਗਾਇਡ ( ਤੀਰਾ) ਨੇ ਇਸ ਨੂੰ ਲੱਭਿਆ ਤੇ ਇਸ ਦਾ ਨਾਮ ਤੀਰਾ ਰੱਖਿਆ।



ਸ੍ਰੋਤ : ਨੈਸ਼ਨਲ ਜਿਓਗਰਾਫਕ

# ਲਵੇਰੀਆਂ 'ਚ ਤੂਅ ਜਾਣ ਦੇ ਮੁੱਖ ਕਾਰਨ

ਰਾਕੇਸ਼ ਕੁਮਾਰ ਸ਼ਰਮਾਂ

## ਮੁਲਾਂਕਣ ਦੀ ਜ਼ਰੂਰਤ:

- ਜਦੋਂ ਇੱਕ ਸਾਲ ਵਿੱਚ 3 ਫੀਸਦ ਤੋਂ ਵੱਧ ਲਵੇਰੀਆਂ ਬੱਚੇ ਸੁੱਟ ਦੇਣ।
- ਜਦੋਂ ਵੱਗ ਵਿੱਚ ਕਈ ਲਵੇਰੀਆਂ ਥੋੜੇ ਸਮੇਂ ਅੰਦਰ ਅਚਨਚੇਤ ਬੱਚੇ ਸੁੱਟ ਦੇਣ।

## ਤੂਅ ਜਾਣ ਦੇ ਮੁੱਖ ਕਾਰਨ

- ਖਾਸ ਛੂਤੀ ਕਾਰਣ
  - ਬਰੂਸੀਲੋਸਿਸ (Brucellosis)
  - ਆਈ ਬੀ ਆਰ (Infectious Bovine Rhinotracheitis)
  - ਟ੍ਰਾਈਕੋਮੋਨੀਏਸਿਸ (Trichomoniasis)
  - ਵਿਬਰੀਓਸਿਸ (Vibriosis)
  - ਨਿਓਸਪੋਰੋਸਿਸ (Neosporosis)
- ਗੈਰ-ਛੂਤੀ ਬਿਮਾਰੀਆਂ
  - ਕਿਸੇ ਵੀ ਕਿਸਮ ਦਾ ਬੋਝ (Stress)
  - ਗੰਭੀਰ ਸੱਟ
  - ਸਰੀਰ ਦੇ ਕਿਸੇ ਵੀ ਹਿੱਸੇ ਵਿਚ ਗੰਭੀਰ ਸੋਜ/ਦਰਦ
  - ਬਹੁਤ ਤੇਜ ਬੁਖਾਰ
  - ਗਲਹੀਰਾਂ
- ਜਹਿਰਵਾਦ
  - ਚਾਰਿਆਂ ਵਿੱਚ ਨਾਈਟ੍ਰੇਟ/ਨਾਈਟ੍ਰਾਈਟ ਦੀ ਬਹੁਤਾਤ
  - ਵੰਡ ਵਿੱਚ ਉੱਲੀ ਕਾਰਣ ਜਹਿਰਵਾਦ
  - ਆਚਾਰ ਵਿੱਚ ਉੱਲੀ ਕਾਰਣ ਜਹਿਰਵਾਦ
  - ਉੱਲੀ ਲੱਗਾ ਬਰਸੀਮ ਖੁਆਉਣ ਨਾਲ (ਡਾਈਕਾਉਮਾਰੋਲ ਕਾਰਣ)
- ਖੁਰਾਕੀ ਘਾਟਾਂ (ਲੰਬੇ ਸਮੇਂ ਲਈ)
  - ਵਿਟਾਮਿਨ ਏ
  - ਵਿਟਾਮਿਨ ਈ
  - ਆਇਓਡੀਨ
- ਸਾਂਭ-ਸੰਭਾਲ 'ਚ ਕਮੀਂ
  - ਬੱਚੇਦਾਨੀ ਨੂੰ ਜੋਰ ਨਾਲ ਦਬਾਉਣਾ (ਗਰਭ ਦੀ ਪਰਖ ਕਰਦੇ ਸਮੇਂ)
  - ਗੱਭਣ ਲਵੇਰੀ ਦੀ ਬੱਚੇਦਾਨੀ 'ਚ ਦਵਾਈ ਭਰਨਾ
  - ਗੱਭਣ ਲਵੇਰੀ 'ਚ ਮਸਨੂਈ ਗਰਭਦਾਨ
  - ਗੱਭਣ ਲਵੇਰੀ ਨੂੰ ਪ੍ਰਾਸਟਾਗਲੈਂਡਿਨ/ਸਟੀਰਾਇਡ (PG/Steroid) ਦਾ ਟੀਕਾ ਲਗਾਉਣਾ

ਭਰੂਣ ਦਾ ਸਹੀ ਨਾ ਬਨਣਾ (Foetal malformation)

- ਜੱਦੀ ਨੁਕਸ
- ਬੱਚੇਦਾਨੀ ਵਿਚ ਇੱਕ ਤੋਂ ਜਿਆਦਾ ਬੱਚੇ

## ਸਾਈਲੇਜ ਬਣਾਉਣ ਅਤੇ ਖੁਆਉਣ ਸੰਬੰਧੀ ਕੁੱਝ ਜਰੂਰੀ ਨੁਕਤੇ

ਜੈਸਮੀਨ ਕੌਰ ਅਤੇ ਉਦੇਬੀਰ ਸਿੰਘ

- ਗੈਰ - ਫਲੀਦਾਰ ਫਸਲਾਂ ਜਿਵੇਂ ਕਿ ਮੱਕੀ, ਚਰ੍ਹੀ, ਬਾਜਰਾ, ਮੱਕ ਚਰ੍ਹੀ, ਜਵੀਂ ਆਦਿ ਤੋਂ ਵਧੀਆ ਕਿਸਮ ਦਾ ਸਾਈਲੇਜ ਬਣਾਇਆ ਜਾ ਸਕਦਾ ਹੈ। ਜਿਨ੍ਹਾਂ ਫਸਲਾਂ ਵਿਚ ਨਿਸ਼ਾਸਤਾ ਵੱਧ ਹੋਵੇ ਅਤੇ ਪ੍ਰੋਟੀਨ ਘੱਟ ਹੋਵੇ, ਉਹਨਾਂ ਦਾ ਸਾਈਲੇਜ ਬਹੁਤ ਵਧੀਆ ਬਣਦਾ ਹੈ।
- ਵਧੀਆ ਕਿਸਮ ਦਾ ਸਾਈਲੇਜ ਬਣਾਉਣ ਵਾਸਤੇ ਫਸਲ ਵਿੱਚ ਪਾਣੀ ਦੀ ਮਿਕਦਾਰ ਘੱਟ ਭਾਵ 65-70 ਫੀਸਦੀ ਹੋਣੀ ਚਾਹੀਦੀ ਹੈ।
- ਫਸਲ ਵਿੱਚ ਪਾਣੀ ਦੀ ਇਸ ਤੋਂ ਜਿਆਦਾ ਮਿਕਦਾਰ ਹੋਵੇ ਤਾਂ ਵੱਢੀ ਹੋਈ ਫਸਲ ਨੂੰ ਇੱਕ ਦੋ ਦਿਨ ਵਾਸਤੇ ਬਾਹਰ ਧੁੱਪ ਲਵਾ ਲਵੋ। ਹਰੇ ਚਾਰੇ ਨੂੰ ਹਥੇਲੀ ਵਿੱਚ ਲੈ ਕੇ ਦਬਾਓ। ਜੇ ਉਸ ਵਿੱਚ ਸੁੱਕਾ ਮਾਦਾ ਸਹੀ ਮਾਤਰਾ ਵਿੱਚ ਮਤਲਬ 30-35 ਪ੍ਰਤੀਸ਼ਤ ਹੈ ਤਾਂ ਤੁਹਾਡੀ ਹੱਥੇਲੀ ਲਗਭਗ ਸੁੱਕੀ ਹੋਵੇਗੀ। ਇਸਨੂੰ **"ਗਰੈਬ ਟੈਸਟ"** ਆਖਦੇ ਹਨ।
- ਸ਼ੁਰੂ ਵਿੱਚ 5-10 ਕਿਲੋ ਪ੍ਰਤੀ ਪਸ਼ੂ ਨੂੰ ਪਾਵੋ। ਇਸ ਨੂੰ ਇੱਕ ਹਫਤੇ ਵਿੱਚ ਵਧਾ ਕੇ 25-30 ਕਿਲੋ ਕਰ ਸਕਦੇ ਹਾਂ। ਦੁੱਧ ਚੋਣ ਵੇਲੇ ਸਾਈਲੇਜ ਨਾ ਪਾਵੋ। ਕਈ ਵਾਰ ਸਾਈਲੇਜ ਦੀ ਮਹਿਕ ਹਵਾ ਰਾਹੀਂ ਦੁੱਧ ਵਿੱਚ ਆ ਜਾਂਦੀ ਹੈ। ਇਸ ਲਈ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਸਾਈਲੇਜ ਦੁੱਧ ਚੋਣ ਤੋਂ 5-7 ਘੰਟੇ ਪਹਿਲਾਂ ਜਾਂ ਦੁੱਧ ਚੋਣ ਤੋਂ ਬਾਅਦ ਪਾਇਆ ਜਾਣਾ ਚਾਹੀਦਾ ਹੈ।
- ਵਧੀਆ ਕਿਸਮ ਦਾ ਸਾਈਲੇਜ ਮੁਲਾਇਮ ਅਤੇ ਹਰੇ ਸੁਨਹਿਰੀ ਰੰਗ ਦਾ ਹੁੰਦਾ ਹੈ।
- ਇਸ ਵਿੱਚ ਉੱਲੀ ਨਹੀਂ ਲੱਗੀ ਹੁੰਦੀ ।
- ਇਸਦੀ ਪੀ. ਐਚ. 4.0 - 4.2 ਹੁੰਦੀ ਹੈ।
- ਇਸ -ਵਿੱਚ ਬਯੁਟਾਇਰਿਕ ਐਸਿਡ ਦਾ ਪੱਧਰ ਘੱਟ (0.2-0. 5%) ਹੁੰਦਾ ਹੈ।
- ਲੈਕਟਿਕ ਐਸਿਡ ਦਾ ਪੱਧਰ (3-14 %) ਹੁੰਦਾ ਹੈ।
- ਨਮੀ 65-70% ਹੋਣੀ ਚਾਹੀਦੀ ਹੈ।
- ਅਮੋਨਿਆ ਨਾਈਟ੍ਰੋਜਨ ਕੁਲ ਨਾਈਟ੍ਰੋਜਨ ਦਾ 9-15% ਤੋਂ ਵੱਧ ਨਹੀਂ ਹੋਣੀ ਚਾਹੀਦੀ।

- ਸਾਈਲੇਜ ਵਿੱਚੋਂ ਅਮੋਨਿਆ ਜਾਂ ਬਯੂਟਾਇਰਿਕ ਐਸਿਡ ਦੀ ਮਹਿਕ ਨਹੀਂ ਆਉਣੀ ਚਾਹੀਦੀ ।
- ਸਹੀ ਸਟੇਜ ਤੇ ਕੱਟੇ ਚਾਰੇ ਤੋਂ ਬਣਾਏ ਵਧੀਆ ਗੁਣਵਤਾ ਵਾਲੇ ਸਾਈਲੇਜ ਨਾਲ ਪਸ਼ੂਆਂ ਦੀ ਦੁੱਧ ਪੈਦਾ ਕਰਨ ਦੀ ਸਮਰੱਥਾ ਵੱਧਦੀ ਹੈ ।
- ਇੱਕ ਵਾਰੀ ਜੇਕਰ ਟੋਏ ਨੂੰ ਖੋਲ ਲਿਆ ਜਾਵੇ ਤਾਂ ਲਗਾਤਾਰ ਸਾਈਲੇਜ ਖੁਆਉਣਾ ਚਾਹੀਦਾ ਹੈ ਕਿਉਂਕਿ ਹਵਾ ਲੱਗਣ ਨਾਲ ਸਾਈਲੇਜ 2-3 ਦਿਨਾਂ ਵਿੱਚ ਖਰਾਬ ਹੋ ਜਾਂਦਾ ਹੈ । ਇਸ ਲਈ ਹਵਾ ਲੱਗਿਆ ਹਿੱਸਾ ਹਰ ਰੋਜ ਖੁਆ ਦੇਣਾ ਚਾਹੀਦਾ ਹੈ ।

## ਆਓ ਜਾਣੀਏ ਮੱਛੀਆਂ ਬਾਰੇ ਕੁੱਝ ਦਿਲਚਸਪ ਅਤੇ ਹੈਰਾਨ ਕਰ ਦੇਣ ਵਾਲੇ ਤੱਥ

ਵਨੀਤ ਇੰਦਰ ਕੌਰ ਅਤੇ ਪ੍ਰਬਜੀਤ ਸਿੰਘ

1. ਵਿਸ਼ਵ ਵਿੱਚ ਮੱਛੀਆਂ ਦੀਆਂ ਕੁੱਲ ਪ੍ਰਜਾਤੀਆਂ – >35,000
2. ਵਿਸ਼ਵ ਵਿੱਚ ਤਾਜ਼ੇ ਪਾਣੀ ਦੀਆਂ ਮੱਛੀਆਂ ਦੀਆਂ ਕੁੱਲ ਪ੍ਰਜਾਤੀਆਂ – >18,000
3. ਦੁਨੀਆਂ ਦੀ ਸਭ ਤੋਂ ਵਡੀ ਅਤੇ ਭਾਰੀ ਮੱਛੀ – ਬਲੂਵੇਲ/ Blue Whale
   ਲੰਬਾਈ – 29.9 ਮੀਟਰ ਅਤੇ ਭਾਰ – 173–190 ਟਨ (ਜੀਭ ਦਾ ਭਾਰ ਹੀ ਹਾਥੀ ਦੇ ਭਾਰ ਤੋਂ ਵੱਧ)
4. ਦੁਨੀਆਂ ਦੀ ਸਭ ਤੋਂ ਛੋਟੀ ਮੱਛੀ – ਟਾਇਨੀ ਗੋਬੀ (ਲੰਬਾਈ – ਅੱਧੇ ਇੰਚ ਤੋਂ ਵੀ ਘੱਟ)
5. ਦੁਨੀਆਂ ਦੀ ਸਭ ਤੋਂ ਪੁਰਾਤਨ ਮੱਛੀ – ਲੈਂਪਰੇ ਅਤੇ ਹੈਗ ਫਿਸ਼ Lamprey and Hag Fish
6. ਦੁਨੀਆਂ ਦੀ ਸਭ ਤੋਂ ਉੱਚੀ ਅਵਾਜ਼ ਵਾਲੀ ਮੱਛੀ- ਕਰੋਕਰ ਮੱਛੀ Croaker Fish
7. ਦੁਨੀਆਂ ਦੀ ਸਭ ਤੋ ਤੇਜ਼ ਤੈਰਨ ਵਾਲੀ ਮੱਛੀ- ਸੇਲ ਫਿਸ਼ (Sail Fish) – ਤੈਰਨ ਦੀ ਰਫਤਾਰ, ਕਾਰ ਦੀ ਰਫਤਾਰ ਦੇ ਬਰਾਬਰ




3 4 5 6 7

8. ਇਲੈਕਟ੍ਰਿਕ ਈਲ (Electric Eel) ਅਤੇ ਇਲੈਕਟ੍ਰਿਕ ਰੇ (Electric Ray) ਦਾ ਇਲੈਕਟ੍ਰਿਕ ਕਰੰਟ- ਇਕ ਘੋੜੇ ਨੂੰ ਮਾਰਣ ਲਈ ਵੀ ਸਮਰੱਥ
9. ਫਲਾਇੰਗ ਫਿਸ਼ (Flying Fish) ਪਾਣੀ ਤੋਂ ਬਾਹਰ 160 ਫੁੱਟ ਉੱਚੀ ਛਲਾਂਗ ਮਾਰ ਸਕਦੀ ਹੈ ਅਤੇ 19 ਫੁੱਟ ਉਚਾਈ ਚੜ੍ਹ ਸਕਦੀ ਹੈ
10. ਫੈਂਗ ਟੁੱਥ (Fang Tooth Fish) ਮੱਛੀ ਦਾ ਸਾਈਜ਼ ਕੁੱਝ ਇੰਚ ਹੀ ਹੁੰਦਾ ਹੈ, ਪਰਉਸ ਦੇ ਦੰਦ ਇਨਸਾਨੀ ਦੰਦਾਂ ਦੇ ਬਰਾਬਰ ਸਾਈਜ਼ ਦੇ ਹੁੰਦੇ ਹਨ, ਜਿਸ ਕਾਰਣ ਉਹ ਅਪਣਾ ਮੂੰਹ ਕਦੀ ਵੀ ਪੂਰੀ ਤਰਾਂ ਬੰਦ ਨਹੀਂ ਕਰ ਸਕਦੀ

11. ਦਨੀਆਂ ਦੀ ਸਭ ਤੋਂ ਜ਼ਹਿਰੀਲੀ ਮੱਛੀ – ਸਟੋਨ ਫਿਸ਼ (Stone Fish )




8 9 10 11

12. ਲੰਗ ਫਿਸ਼ (Lung Fish) ਪਾਣੀ ਤੋਂ ਬਾਹਰ ਕਈ ਸਾਲ ਤਕ ਜ਼ਿੰਦਾ ਰਹਿ ਸਕਦੀ ਹੈ- ਇਹ ਮੱਛੀ ਅਪਣੇ ਜਿਸਮ ਦੇ ਉਪਰ ਇਕ ਕੋਕੂਨ ਬਣਾ ਕੇ ਅਪਣੇ ਆਪ ਨੂੰ ਜ਼ਮੀਨ ਹੇਠਾਂ ਦਬ ਲੈਂਦੀ ਹੈ ਅਤੇ ਇਕ ਟਿਊਬ ਦੁਆਰਾ ਫੇਫੜਿਆਂ ਰਾਂਹੀ ਸਾਹ ਲੈਂਦੀ ਰਹਿੰਦੀ ਹੈ

13.ਹੀਮੋਗਲੋਬਿਨ ਰਹਿਤ ਮੱਛੀ- ਕ੍ਰਕੋਡਾਈਲ ਆਇਸ/ ਵ੍ਹਾਈਟ ਬਲੱਡਿਡ ਮੱਛੀ (Crocodile Ice Fish/White Blooded Fish)

14. ਅਨਾਬਿਲਪਸ (Anableps) ਮੱਛੀ ਦੀਆਂ ਚਾਰ ਅੱਖਾਂ ਹੁੰਦੀਆ ਹਨ, ਜਿਨਾ ਦੀ ਮਦਦ ਨਾਲ ਓਹ ਇਕੋ ਵਾਰ ਪਾਣੀ ਦੇ ਓਪਰ ਅਤੇ ਥੱਲੇ ਦੇਖ ਸਕਦੀ ਹੈ

15. ਸੀ ਹੋਰਸ (Sea Horse) ਅਪਣੀਆਂ ਦੋਵੇਂ ਅੱਖਾਂ ਵੱਖ ਵੱਖ ਦਿਸ਼ਾ ਵਿੱਚ ਹਿਲਾ ਸਕਦਾ ਹੈ ਅਤੇ ਇਕ ਅੱਖ ਨਾਲ ਅੱਗੇ ਅਤੇ ਇਕ ਨਾਲ ਪਿੱਛੇ ਇਕੋ ਵਾਰ ਦੇਖਣ ਦੇ ਕਾਬਲ ਹੈ




12 13 14 15

16. ਸ਼ਾਰਕ ਮੱਛੀ ਦੇ ਮਾਸ ਵਿੱਚ ਨਮਕ ਦੀ ਮਾਤਰਾ ਸਮੁੰਦਰੀ ਪਾਣੀ ਦੇ ਨਮਕ ਦੀ ਮਾਤਰਾ ਦੇ ਬਰਾਬਰ ਹੁੰਦੀ ਹੈ

17. ਔਰਤਾਂ ਦੁਆਰਾ ਸ਼ਿੰਗਾਰ ਵਜੋਂ ਵਰਤੀ ਜਾਣ ਵਾਲੀ ਲਿਪਸਟਿਕ ਵਿੱਚ ਸਭ ਤੋਂ ਮਹੱਤਪੁਰਣ ਸਮੱਗਰੀ- ਮੱਛੀ ਦੇ ਚਾਣਿਆਂ ਤੋਂ ਤਿਆਰ ਪਦਾਰਥ – ਪਰਲ ਇਸੈਂਸ (Pearl Essence)

18. ਕਿਵੇਂ ਜਾਣ ਸਕਦੇ ਹਾਂ ਮੱਛੀ ਦੀ ਉਮਰ – ਚਾਣਿਆਂ (Growth Rings on Scales) ਜਾਂ ਕੰਨਾ ਦੀਆਂ ਹੱਡੀਆਂ (Otolith) ਦੀ ਮਦਦ ਨਾਲ



18

ਚਾਣੇ (Scales) ਕੰਨਾ ਦੀਆਂ ਹੱਡੀਆਂ (Otolith)

19. ਮੱਛੀ ਦੀ ਉਮਰ ਕਿੰਨੀ –ਪ੍ਰਜਾਤੀ ਅਨੁਸਾਰ (ਕਈ ਪ੍ਰਜਾਤੀਆਂ ਦੀ ਉਮਰ > 100 ਸਾਲ)

20. ਕੀ ਮੱਛੀ ਸੋਂਦੀ ਹੈ- ਹੋਰ ਜੀਵਾਂ ਅਤੇ ਮਨੁਖਾਂ ਵਾਂਗ ਮੱਛੀ (ਸ਼ਾਰਕ ਮੱਛੀਆਂ ਨੂੰ ਛੱਡ ਕੇ) ਦੀਆਂ ਅੱਖਾਂ ਦੀਆਂ ਪਲਕਾਂ ਨਹੀ ਹੁੰਦੀਆਂ। ਹਰ ਸਮੇਂ ਖਤਰਿਆਂ ਪ੍ਰਤੀ ਚੁਕੱਨੇ ਰਹਿੰਦੇ ਹੋਏ, ਥੋੜੀ ਹਿਲਜੁੱਲ ਕਰਦੇ ਹੋਏ ਮੱਛੀ ਅੱਖਾਂ ਖੋਲ ਕੇ ਸੋਂਦੀ ਹੈ ।

# ਸਤੰਬਰ ਅਤੇ ਅਕਤੂਬਰ ਮਹੀਨਿਆਂ ਦੌਰਾਨ ਮੱਛੀ ਤਲਾਅ ਲਈ ਪ੍ਰਬੰਧਕੀ ਗਤੀਵਿਧੀਆਂ

ਵਨੀਤ ਇੰਦਰ ਕੌਰ

ਸਤੰਬਰ ਅਤੇ ਅਕਤੂਬਰ ਦੇ ਮਹੀਨੇ ਪਤਝੜ ਮੌਸਮ ਦੀ ਸ਼ੁਰੂਆਤ ਦੇ ਨਾਲ ਨਾਲ ਸਰਦੀਆਂ (ਨਵੰਬਰ/ਦਿਸੰਬਰ) ਦਾ ਆਗਾਜ਼ ਲੈ ਕੇ ਆਂਉਂਦੇ ਹੈ। ਇਹਨਾਂ ਮਹੀਨਿਆਂ ਦੌਰਾਨ ਵਾਤਾਵਰਣ ਵਿੱਚ ਕਈ ਤਬਦੀਲੀਆਂ ਆਂਉਦੀਆਂ ਹਨ,ਜਿਨਾਂ ਵਿੱਚੋਂ ਬਰਸਾਤਾਂ ਅਤੇ ਤਾਪਮਾਨ ਦਾ ਘੱਟਣਾ ਸਭ ਤੋਂ ਪ੍ਰਮੁੱਖ ਤਬਦੀਲੀਆਂ ਹਨ।ਮੌਸਮ ਵਿੱਚ ਆਏ ਇਹ ਬਦਲਾਵ ਮੱਛੀ ਅਤੇ ਮੱਛੀ ਦੇ ਵਾਤਾਵਰਣ (ਪਾਣੀ) ਤੇ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਅਸਰ ਪਾਂਉਦੇ ਹਨ,ਇਸ ਲਈ ਮੱਛੀ ਪਾਲਕਾਂ ਨੂੰ ਚਾਹੀਦਾ ਹੈ ਕਿ ਚੁਕੱਨੇ ਹੋ ਕੇ ਮੱਛੀ ਤਲਾਅ ਦਾ ਪ੍ਰਬੰਧ ਕਰਨ, ਤਾਂ ਜੋ ਕਿਸੇ ਵੀ ਤਰਾਂ ਦੀ ਅਣਹੋਣੀ ਅਤੇ ਮਾਲ੍ਹੀ ਨੁਕਸਾਨ ਤੋਂ ਬਚਿਆ ਜਾ ਸਕੇ।

## ਮੱਛੀ ਤਲਾਅ ਲਈ ਪ੍ਰਬੰਧਕੀ ਗਤੀਵਿਧੀਆਂ – ਸਤੰਬਰ ਅਤੇ ਅਕਤੂਬਰ

### ਖੁਰਾਕੀ ਪ੍ਰਬੰਧ –


- ਸਭ ਤੋਂ ਪਹਿਲਾਂ ਗਰਾਸ ਕਾਰਪ ਮੱਛੀ ਨੂੰ ਜਲਬੂਟੇ, ਪੱਠੇ ਜਾਂ ਹਰੀ ਸਬਜੀਆਂ ਦੇ ਪੱਤੇ ਉਸ ਦੇ ਭਾਰ ਦੇ 4-5% ਦੇ ਹਿਸਾਬ ਨਾਲ ਪਾਓ ਅਤੇ ਉਸ ਤੋਂ ਬਾਅਦ ਬਾਕੀ ਮੱਛੀ ਨੂੰ ਉਸ ਦੇ ਕੁਲ ਭਾਰ ਦੇ 1.5-2.0% ਦੇ ਹਿਸਾਬ ਨਾਲ ਦਿਨ ਵਿੱਚ ਇੱਕ ਵਾਰ (ਸਵੇਰੇ 9 ਤੋਂ 10 ਵਜੇ ਵਿਚਕਾਰ) ਜਾਂ ਦੋ ਵਾਰ (ਵੰਡ ਕੇ ਸਵੇਰੇ 9 ਤੋਂ 10 ਅਤੇ ਦੁਪਹਿਰ 2-3 ਵਜੇ ਵਿਚਕਾਰ) ਪੈਲੇਟ ਜਾਂ ਆਪ ਤਿਆਰ ਕੀਤੀ ਖੁਰਾਕ ਪਾਓ



ਖੁਰਾਕੀ ਪ੍ਰਬੰਧ

### ਪਾਣੀ ਦੀ ਕੁਆਲਿਟੀ ਦਾ ਪ੍ਰਬੰਧ – ਬਹੁਤ ਜ਼ਰੂਰੀ

- ਪੀ. ਐਚ. 8.5 ਤੋਂ ਘੱਟ (ਮੀਂਹ ਪੈਣ ਜਾਂ ਕਿਸੇ ਹੋਰ ਕਾਰਨ) – ਤਲਾਅ ਵਿੱਚ ਚੂਨਾ ਪਾਓ
- ਹਰ ਹਫਤੇ ਜਾਂ 15 ਦਿਨ ਦੇ ਅੰਤਰਾਲ ਤੇ ਤਲਾਅ ਵਿੱਚ ਖਾਦਾਂ ਪਾਓ – ਪਾਣੀ ਦੇ ਰੰਗ ਦੇ ਅਧਾਰ ਤੇ ਮਾਤਰਾ ਘਟਾਓ/ਵਧਾਓ
- ਤਲਾਅ ਵਿੱਚ ਕਾਈ ਦਾ ਵਾਧਾ – ਖੁਰਾਕ ਅਤੇ ਖਾਦ ਨਾਂ ਪਾਓ
- ਤੜਕੇ ਵੇਲੇ ਤਲਾਅ ਵਿੱਚ ਤਾਜ਼ਾ ਪਾਣੀ ਛੱਡੋ ਜ਼ਾਂ ਏਰੇਸ਼ਨ ਕਰੋ
- ਜੇਕਰ ਮੱਛੀ ਤਲਾਅ ਚੋਂ ਮੂੰਹ ਬਾਹਰ ਕੱਢ ਕੇ ਸਾਹ ਲੈਂਦੀ ਦਿਸੇ ਤਾਂ ਤੁਰੰਤ ਤਲਾਅ ਵਿੱਚ ਤਾਜ਼ਾ ਪਾਣੀ ਛੱਡੋ ਜਾਂ ਏਰੇਸ਼ਨ ਕਰੋ




ਪਾਣੀ ਦੀ ਕੁਆਲਿਟੀ ਦਾ ਪ੍ਰਬੰਧ

## ਮੱਛੀ ਸਿਹਤ ਪ੍ਰਬੰਧ – ਲਾਜ਼ਮੀ

- ਮੱਛੀ ਦਾ ਸਾਵਧਾਨੀ ਨਾਲ ਨਿਰੀਖਣ ਕਰੋ, ਤਾਂ ਜੋ ਸਮਾਂ ਰਹਿੰਦੇ ਬਿਮਾਰੀ ਅਤੇ ਪਰਜੀਵੀ ਮਾਰ ਤੋਂ ਬੱਚਿਆ ਜਾ ਸਕੇ/ਇਲਾਜ ਹੋ ਸਕੇ
- ਤਲਾਅ ਨੂੰ ਰੋਗਾਣੂ ਰਹਿਤ ਕਰਨ ਲਈ ਸੀਫੈਕਸ (CIFAX – 400 ਮਿ.ਲਿਟਰ/ਏਕੜ) ਜਾਂ ਲਾਲ ਦਵਾਈ ($KMnO_4$ – 400-500 ਗ੍ਰਾਮ/ਏਕੜ) ਪਾਓ (ਖਾਸ ਕਰਕੇ ਅਕਤੂਬਰ ਦੇ ਮਹੀਨੇ ਵਿੱਚ)






ਲਾਲ ਦਵਾਈ ਅਤੇ ਸੀਫੈਕਸ ਦੀ ਵਰਤੋ

ਸਿਹਤ ਪ੍ਰਬੰਧ

## ਕਾਮਨ ਕਾਰਪ ਮੱਛੀ ਦਾ ਪ੍ਰਬੰਧ



- ਜੇ ਤਲਾਅ ਵਿੱਚ ਬਾਕੀ ਮੱਛੀਆਂ ਨਾਲ ਕਾਮਨ ਕਾਰਪ ਮੱਛੀ ਹੈ ਤਾਂ,ਤਲਾਅ ਚੋਂ ਕਾਮਨ ਕਾਰਪ ਮੱਛੀ ਦੇ ਅੰਡੇ ਕੱਢਣ ਲਈ ਕੁਦਰਤੀ (ਜਲ ਬੂਟੇ) ਜਾਂ ਬਣਾਵਟੀ (ਰੱਸੀਆਂ, ਸੇਬੇ, ਟਾਟ, ਕਾਕਾਬੰਨ ਆਦਿ) ਅਧਾਰ ਪਾਣੀ ਵਿੱਚ ਲਟਕਾਓ (ਸਤੰਬਰ ਦੇ ਆਖਿਰ ਜਾਂ ਅਕਤੂਬਰ ਮਹੀਨੇ ਦੌਰਾਨ)

## ਮੱਛੀ ਕੱਢਣ (Harvesting) ਅਤੇ ਵੇਚਣ ਸੰਬੰਧੀ ਪ੍ਰਬੰਧ

- ਮੰਡੀ ਵਿੱਚ ਮੰਗ ਅਨੁਸਾਰ ਅਕਤੂਬਰ ਮਹੀਨੇ ਤੋਂ ਬਾਅਦ 500 ਗ੍ਰਾਮ ਤੋਂ ਵੱਧ ਮੱਛੀ ਵੇਚਣੀ ਸ਼ੁਰੂ ਕਰ ਦਿਓ
- ਅੰਸ਼ਕ ਹਾਰਵੈਸਟਿੰਗ ਅਤੇ ਮੁੜਸੰਚਣ ਸੰਕਲਪ ਅਪਣਾਓ - ਹਰ ਮੱਛੀ ਵੇਚ ਉਪਰੰਤ, ਤਲਾਅ ਵਿੱਚ ਕੱਢੀ ਗਈ ਮੱਛੀ ਦੀ ਗਿਣਤੀ ਦੇ ਬਰਾਬਰ ਉਂਗਲਾਕਾਰੀ ਬੱਚ ਸੰਚਿਤ ਕਰੋ



ਪਸ਼ੂ ਪਾਲਕ ਵੀਰ ਆਪਣੇ ਸੁਝਾਅ ਦੇਣ ਲਈ ਸੰਪਰਕ ਕਰ ਸਕਦੇ ਹਨ।

ਡਾ: ਜਸਵਿੰਦਰ ਸਿੰਘ, ਮੋਬਾਇਲ ਨੰ: 99150–07594